# ਚਾਰਲਜ਼ ਵੈਸਟਨ ਸਕੂਲ ਕੂੰਬਜ਼ P&C ਐਸੋਸੀਏਸ਼ਨ

# ਸਵਾਲ ਅਤੇ ਜਵਾਬ

## P&C ਕੀ ਹੈ?

ਜ਼ਿਆਦਾਤਰ ਸਕੂਲਾਂ ਦਾ ਇੱਕ ਪੇਰੈਂਟ (ਮਾਤਾ-ਪਿਤਾ) ਸਮੂਹ ਹੁੰਦਾ ਹੈ ਜੋ ਕਿ ਸਕੂਲ ਭਾਈਚਾਰੇ ਦੀ ਆਵਾਜ਼ ਦੀ ਨੁਮਾਇੰਦਗੀ ਕਰਦਾ ਹੈ। ਚਾਰਲਜ਼ ਵੈਸਟਨ ਵਿਖੇ, ਇਸ ਗਰੁੱਪ ਦਾ ਨਾਂ P&C ਐਸੋਸੀਏਸ਼ਨ ਹੈ, ਜਿਸਦਾ ਪੂਰਾ ਨਾਂ ਪੇਰੈਂਟਸ ਅਤੇ ਸਿਟੀਜ਼ਨਜ਼ (ਮਾਤਾ ਪਿਤਾ ਅਤੇ ਨਾਗਰਿਕ) ਹੈ। ਸਕੂਲ ਅਤੇ ਭਾਈਚਾਰੇ ਨਾਲ ਸਰੋਕਾਰ ਰੱਖਦੇ ਮਾਮਲਿਆਂ ਬਾਰੇ ਚਰਚਾ ਕਰਨ ਵਾਸਤੇ ਅਸੀਂ ਮਾਪਿਆਂ ਲਈ ਮੀਟਿੰਗਾਂ ਰੱਖਦੇ ਹਾਂ।

## P&C ਦਾ ਮੈਂਬਰ ਕੌਣ ਹੈ?

ਚਾਰਲਜ਼ ਵੈਸਟਨ ਦੇ ਬੱਚਿਆਂ ਦੇ ਸਭ ਮਾਪੇ ਅਤੇ ਦੇਖਭਾਲ ਕਰਤਾ ਆਪਣੇ ਆਪ ਹੀ P&C ਦੇ ਮੈਂਬਰ ਹਨ।

## P&C ਕਮੀਟੀ ਕੀ ਹੈ?

P&C ਕਮੀਟੀ ਵਲੰਟੀਅਰ (ਸਵੈ-ਸੇਵਕ) ਮਾਤਾ-ਪਿਤਾ ਜਾਂ ਦੇਖਭਾਲ ਕਰਤਾਵਾਂ ਨਾਲ ਬਣੀ ਹੋਈ ਹੈ ਜੋ ਇਹ ਸਮੂਹ ਚਲਾਉਣ ਵਿੱਚ ਸਹਾਇਤਾ ਕਰਦੇ ਹਨ। ਮਾਤਾ ਪਿਤਾ ਅਤੇ ਦੇਖਭਾਲ ਕਰਤਾ ਆਪਣੇ ਆਪ ਨੂੰ ਨਾਮਜ਼ਦ ਕਰਦੇ ਹਨ ਅਤੇ ਕਮੀਟੀ ਦੀਆਂ ਪਦਵੀਆਂ ਉੱਤੇ 12 ਮਹੀਨੀਆਂ ਦੀ ਅਵਧੀ ਲਈ ਚੁਣੇ ਜਾਂਦੇ ਹਨ। ਕਮੀਟੀ ਦੀਆਂ ਉਪਲਬਧ ਪਦਵੀਆਂ ਇਸ ਪ੍ਰਕਾਰ ਹਨ:

| ਜ਼ਰੂਰੀ ਪਦਵੀਆਂ | ਵਿਕਲਪਿਕ (Optional) |
|---|---|
| ਪ੍ਰੇਸੀਡੇਂਟ (ਪ੍ਰਧਾਨ) | ਸਾਧਾਰਣ ਕਮੀਟੀ ਦੇ ਮੈਂਬਰ |
| ਵਾਈਸ ਪ੍ਰੇਸੀਡੇਂਟ | ਸੰਚਾਰ ਅਫਸਰ |
| ਸਕੱਤਰ | ਕੌਂਸਿਲ ਡੈਲੀਗੇਟ |
| ਖਜਾਨਚੀ | Fundraising Co-ordinator (ਧਨ ਰਾਸ਼ੀ ਇਕੱਠੀ ਕਰਨ ਦਾ ਕੋਆਰਡੀਨੇਟਰ) |
| ਪਬਲਿਕ ਅਫਸਰ | |

## P&C ਕਦੋਂ ਮਿਲਦੀ ਹੈ ?

ਅਸੀਂ ਹਰ ਟਰਮ ਦੇ ਹਫਤੇ 3 ਅਤੇ 8 ਦੇ ਮੰਗਲਵਾਰ ਨੂੰ ਮਿਲਦੇ ਹਾਂ। ਮੀਟਿੰਗਾਂ ਦਾ ਇਸ਼ਤਿਹਾਰ ਸਕੂਲ ਦੀ ਨਿਊਜ਼ਲੈਟਰ ਅਤੇ P&C ਫੇਸਬੁਕ ਪੇਜ ਉੱਪਰ ਦਿੱਤਾ ਜਾਂਦਾ ਹੈ। ਕੋਈ ਵੀ ਮਾਤਾ-ਪਿਤਾ ਜਾਂ ਦੇਖਭਾਲ ਕਰਤਾ ਆ ਕੇ ਸ਼ਾਮਲ ਹੋ ਸਕਦੇ ਹਨ।

ਇਨ੍ਹਾਂ ਮੀਟਿੰਗਾਂ ਵਿੱਚ, ਅਸੀਂ ਗਤੀਵਿਧੀਆਂ, ਸਮਾਗਮਾਂ ਬਾਰੇ ਗੱਲਬਾਤ ਕਰਦੇ ਹਾਂ ਅਤੇ ਇਸ ਬਾਰੇ ਫੈਸਲੇ ਲੈਂਦੇ ਹਾਂ ਕਿ ਅਸੀਂ ਸਕੂਲ ਪ੍ਰਤੀ ਕੀ ਯੋਗਦਾਨ ਕਰ ਸਕਦੇ ਹਾਂ।

ਮੀਟਿੰਗਾਂ ਸ਼ਾਮ 7 ਵਜੇ ਕਮਿਊਨਟੀ ਰੂਮ ਵਿੱਚ ਜਾਂ ਵੀਡੀਓ ਕੌਂਫਰੇਂਸਿੰਗ ਰਾਹੀਂ ਸ਼ੁਰੂ ਹੁੰਦੀਆਂ ਹਨ।

ਸਾਨੂੰ ਫੇਸਬੁਕ ਉੱਤੇ ਲੱਭੋ **@CWSCParents**

## P&C ਦੀ ਕੀ ਭੂਮਿਕਾ ਹੈ?

ਮਾਪਿਆਂ ਅਤੇ ਦੇਖਭਾਲ ਕਰਤਾਵਾਂ ਦਾ ਸਕੂਲ ਦੇ ਭਾਈਚਾਰੇ ਪ੍ਰਤੀ ਰੁਝਾਉਣ ਬਣਾ ਕੇ, P&C ਸਕੂਲ ਨੂੰ ਭਾਈਚਾਰਕ ਸਹਿਯੋਗ ਪ੍ਰਦਾਨ ਕਰਦਾ ਹੈ। ਸਕੂਲ ਅਤੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਅਸੀਂ ਸਮਾਗਮਾਂ ਅਤੇ ਪੈਸੇ ਇਕੱਠੇ ਕਰਨ ਸਬੰਧੀ ਗਤੀਵਿਧੀਆਂ ਦਾ ਸੰਗਠਨ ਕਰਦੇ ਹਾਂ।

ਸਕੂਲ ਦੇ 'ਕੱਪੜਿਆਂ ਦੇ ਇਕੱਠ' (clothing pool) ਨੂੰ ਚਲਾਉਣ ਦੀ ਜ਼ਿੰਮੇਵਾਰੀ ਸਾਡੀ ਹੈ।

## ਸਕੂਲ ਬੋਰਡ ਨਾਲੋਂ P&C ਕਿਵੇਂ ਵੱਖਰਾ ਹੈ?

ACT ਦੇ ਹਰ ਸਰਕਾਰੀ ਸਕੂਲ ਦਾ ਇੱਕ ਸਕੂਲ ਬੋਰਡ ਹੁੰਦਾ ਹੈ - ਇੱਕ ਸਮੂਹ ਜਿਸ ਵਿੱਚ ਆਪਣੇ ਸਕੂਲ ਬਾਰੇ ਫੈਸਲੇ ਲੈਣ ਲਈ ਮਾਪੇ, ਦੇਖਭਾਲ ਕਰਤਾ, ਕਰਮਚਾਰੀ ਅਤੇ ਵਿਦਿਆਰਥੀ ਹਿੱਸਾ ਲੈ ਸਕਦੇ ਹਨ। ਵਾਸਤਵ ਵਿੱਚ ਬੋਰਡ, ਸਕੂਲ ਦੀਆਂ ਨੀਤੀਆਂ ਬਨਾਉਣ ਵਾਲੇ ਸਮੂਹ ਵਜੋਂ ਕੰਮ ਕਰਦਾ ਹੈ।

ਸਕੂਲ ਦਾ ਬੋਰਡ ਸਾਲ ਵਿੱਚ ਘੱਟੋ ਘੱਟ 4 ਵਾਰ ਮਿਲਦਾ ਹੈ ਅਤੇ ਪਦਵੀਆਂ ਲਈ ਚੋਣ ਕੀਤੀ ਜਾਂਦੀ ਹੈ। ਬੋਰਡ ਦੇ ਚੁਣੇ ਗਏ ਮੈਂਬਰ ਘੱਟੋ ਘੱਟ 12 ਮਹੀਨਿਆਂ ਲਈ ਸੇਵਾ ਵਿੱਚ ਬਣੇ ਰਹਿੰਦੇ ਹਨ, ਅਤੇ 24 ਮਹੀਨਿਆਂ ਤੋਂ ਜ਼ਿਆਦਾ ਨਹੀਂ।

P&C, ਬੋਰਡ ਦੇ ਨਾਲ ਭਾਗੀਦਾਰੀ ਵਿੱਚ ਕੰਮ ਕਰਦਾ ਹੈ ਅਤੇ ਵਿਚਾਰ ਕਰਨ ਲਈ ਮਾਮਲਿਆਂ ਬਾਰੇ ਬੋਰਡ ਨੂੰ ਅਕਸਰ ਹੀ ਦੱਸ ਪਾਉਂਦਾ ਹੈ।

## ਕੱਪੜਿਆਂ ਦਾ ਇਕੱਠ (clothing pool) ਕੀ ਹੈ?

ਪਰਿਵਾਰਾਂ ਦੇ ਲਈ clothing pool ਪਹਿਲਾਂ ਇਸਤੇਮਾਲ ਕੀਤੀਆਂ ਜਾ ਚੁੱਕੀਆਂ ਵਰਦੀਆਂ ਨੂੰ ਖਰੀਦਣ ਦਾ ਇੱਕ ਮੌਕਾ ਹੈ। ਮਾਪਿਆਂ ਅਤੇ ਦੇਖਭਾਲ ਕਰਤਾਵਾਂ ਲਈ ਅਸੀਂ ਬਾਕਾਇਦਾ clothing pool ਵਿੱਕਰੀਆਂ ਦਾ ਸੰਗਠਨ ਕਰਦੇ ਹਾਂ, ਕਿ ਉਹ ਸਕੂਲ ਵਿੱਚ ਆਉਣ, ਅਤੇ ਪਹਿਲਾਂ ਇਸਤੇਮਾਲ ਕੀਤੀਆਂ ਜਾ ਚੁੱਕੀਆਂ ਵਰਦੀਆਂ ਨੂੰ ਵੇਖਣ ਅਤੇ ਘੱਟ ਕੀਮਤ ਤੇ ਖਰੀਦਣ।

ਅਜਿਹੇ ਪਰਿਵਾਰਾਂ ਦੀ ਸਹਾਇਤਾ ਕਰ ਕੇ P&C ਨੂੰ ਖੁਸ਼ੀ ਹੈ, ਜਿਨ੍ਹਾਂ ਨੂੰ ਵਿੱਤੀ ਮੁਸ਼ਕਿਲਾਂ ਕਰ ਕੇ ਸਕੂਲ ਦੀਆਂ ਵਰਦੀਆਂ ਖਰੀਦਣ ਵਿੱਚ ਔਖ ਹੁੰਦੀ ਹੈ।

## ਮੈਂ ਇਸਤੇਮਾਲ ਕੀਤੀਆਂ ਜਾ ਚੁੱਕੀਆਂ ਵਰਦੀਆਂ ਕਦੋਂ ਖਰੀਦ ਸਕਦਾ/ਸਕਦੀ ਹਾਂ?

ਅਸੀਂ ਹਰ ਟਰਮ ਸਕੂਲ ਵਿਖੇ clothing pool ਖੋਲਦੇ ਹਾਂ। clothing pool ਵਿੱਕਰੀ ਦੀ ਤਾਰੀਖ ਅਤੇ ਸਮੇਂ ਬਾਰੇ ਸਕੂਲ ਦੇ ਸਮਾਚਾਰ ਪੱਤਰ (newsletter) ਅਤੇ P&C ਦੇ ਫੇਸਬੁਕ ਪੇਜ ਉੱਤੇ ਇਸ਼ਤਿਹਾਰ ਦਿੱਤਾ ਜਾਂਦਾ ਹੈ।

## ਕੀ ਮੈਂ clothing pool ਵਿੱਚ ਦਾਨ ਪਾ ਸਕਦਾ/ਸਕਦੀ ਹਾਂ?

ਅਸੀਂ ਸਾਰੇ ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਪ੍ਰੇਰਣਾ ਦਿੰਦੇ ਹਾਂ ਕਿ clothing pool ਵਿੱਚ ਇਸਤੇਮਾਲ ਕੀਤੀਆਂ ਜਾਂ ਚੁੱਕੀਆਂ ਅਤੇ ਵਧੀਆ ਹਾਲਤ ਵਿੱਚ ਪਈਆਂ ਵਰਦੀਆਂ ਦਾਨ ਕਰਨ। ਇਸ ਨਾਲ ਤੁਸੀਂ P&C ਅਤੇ ਸਕੂਲ ਲਈ ਜ਼ਰੂਰੀ ਫੰਡ ਇਕੱਠੇ ਕਰਨ ਵਿੱਚ ਸਹਾਇਤਾ ਕਰੋਗੇ।

ਤੁਸੀਂ clothing pool ਲਈ ਕੀਤੇ ਜਾਣ ਵਾਲੇ ਦਾਨ ਨੂੰ ਸਕੂਲ ਦੇ ਦਫ਼ਤਰ ਵਿੱਚ ਛੱਡ ਕੇ ਆ ਸਕਦੇ ਹੋ।

## P&C ਹੋਰ ਕੀ ਕੰਮ ਕਰਦੀ ਹੈ?

ਭਾਈਚਾਰੇ ਨੂੰ ਵਿੱਚ ਸ਼ਾਮਲ ਕਰਨ ਦੇ ਤਰੀਕਿਆਂ ਅਤੇ ਪੈਸੇ ਇਕੱਠੇ ਕਰਨ ਦੇ ਮੌਕਿਆਂ ਬਾਰੇ ਅਸੀਂ ਨਵੇਂ ਸੁਝਾਵਾਂ ਦਾ ਸੁਆਗਤ ਕਰਦੇ ਹਾਂ। ਅਸੀਂ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਕਈ ਸਮਾਗਮ ਚਲਾਉਂਦੇ ਹਾਂ ਅਤੇ ਕਈ ਸੇਵਾਵਾਂ ਪ੍ਰਦਾਨ ਕਰਦੇ ਹਾਂ। ਇਤਿਹਾਸ ਵਿੱਚ ਚਲਾਈਆਂ ਗਈਆਂ ਗਤੀਵਿਧੀਆਂ ਵਿੱਚ ਸ਼ਾਮਲ ਰਹੇ ਹਨ:

- ਸਕੂਲ ਡਿਸਕੋ
- ਨਵੇਂ ਮਾਪਿਆਂ ਲਈ ਸੁਆਗਤੀ ਤੋਹਫ਼ੇ
- ਅਧਿਆਪਕ ਧੰਨਵਾਦੀ ਤੋਹਫ਼ੇ
- ਸੁਆਗਤੀ ਪਿਕਨਿਕ ਅਤੇ ਚੋਣਾਂ ਦੇ ਬਾਰਬੀਕਿਉ (Election BBQ)
- ਟ੍ਰੀਵੀਆ ਨਾਈਟਸ (ਮਨੋਰੰਜਨ ਲਈ ਕਈ ਵਿਸ਼ਿਆਂ ਬਾਰੇ ਸਵਾਲ ਜਵਾਬ)
- ਮਾਤਾ ਦਿਵਸ ਅਤੇ ਪਿਤਾ ਦਿਵਸ ਨੂੰ ਰੱਖੇ ਗਏ ਨਾਸ਼ਤੇ ਅਤੇ ਤੋਹਫਿਆਂ ਦੇ ਸਟਾਲ
- ਭਾਈਚਾਰਕ ਕੈਰੋਲਜ਼ ਵਿਖੇ ਕੂਕੀ ਸਜਾਵਟ ਅਤੇ ਤੋਹਫ਼ੇ ਸਟਾਲ
- ਪੜੋਸੀ ਦਿਵਸ
- ਪੈਸੇ ਇਕੱਠੇ ਕਰਨ ਦੇ ਸਮਾਰੋਹਾਂ ਬਾਰੇ ਵਿਦਿਆਰਥੀ ਪਾਰਲੀਮੈਂਟ ਦੇ ਨਾਲ ਰਲ਼ ਕੇ ਕੰਮ ਕਰਨਾ

## ਮੈਂ ਸਵੈ-ਸੇਵਕ ਵਜੋਂ ਕਿਵੇਂ ਕੰਮ ਕਰ ਸਕਦਾ/ਸਕਦੀ ਹਾਂ?

ਕਈ ਸਾਰੇ ਤਰੀਕੇ ਹਨ ਜਿਨ੍ਹਾਂ ਨਾਲ ਤੁਸੀਂ ਵਲੰਟਿਯਰ ਵਜੋਂ ਕੰਮ ਕਰ ਕੇ ਸਾਡੇ ਸਕੂਲ ਦੀ ਸਹਾਇਤਾ ਕਰ ਸਕਦੇ ਹੋ। ਕੁਝ ਲੋਕ ਪੇਸ਼ਕਸ਼ ਕਰਦੇ ਹਨ:

- clothing pool ਲਈ ਵਰਦੀਆਂ ਨੂੰ ਧੋ ਕੇ ਅਤੇ ਵੱਖੋ-ਵੱਖਰਾ (sort) ਕਰ ਕੇ
- ਪੈਸੇ ਇਕੱਠੇ ਕਰਨ ਦੇ ਸਮਾਗਮਾਂ ਵਿੱਚ ਬੇਕਿੰਗ ਕਰ ਕੇ
- ਭਾਈਚਾਰਕ BBQs ਵਿੱਚ ਖਾਣਾ ਪਕਾ ਕੇ
- ਸਮਾਗਮਾਂ ਵਿੱਚ ਖਾਣਾ ਵਰਤਾ ਕੇ
- ਸਮਾਗਮਾਂ ਨੂੰ ਸੰਗਠਿਤ (organise) ਕਰ ਕੇ

## ਕਿਨ੍ਹਾਂ ਤਰੀਕਿਆਂ ਨਾਲ ਮੈਂ P&C ਨਾਲ ਸ਼ਾਮਲ ਹੋ ਸਕਦਾ/ਸਕਦੀ ਹਾਂ?

ਕਈ ਤਰੀਕੇ ਹਨ ਜਿਨ੍ਹਾਂ ਨਾਲ ਤੁਸੀਂ ਸ਼ਾਮਲ ਹੋ ਸਕਦੇ ਹੋ:

- ਕਿਸੇ ਮੀਟਿੰਗ ਵਿੱਚ ਆ ਕੇ
- ਸਾਡੇ ਸਮਾਗਮਾਂ ਅਤੇ ਗਤੀਵਿਧੀਆਂ ਵਿੱਚ ਸਹਿਯੋਗ ਕਰ ਕੇ
- ਪੈਸਾ ਇਕੱਠਾ ਕਰਨ ਬਾਰੇ ਆਪਣੇ ਵਿਚਾਰ ਸਾਂਝੇ ਕਰ ਕੇ
- ਬਤੌਰ ਸਵੈ ਸੇਵਕ (Volunteer) ਮਦਦ ਕਰ ਕੇ

## ਮੈਂ P&C ਨੂੰ ਕਿਵੇਂ ਸੰਪਰਕ ਕਰਾਂ?

ਤੁਹਾਡੇ ਵਿਚਾਰ ਅਤੇ ਸੁਝਾਅ ਸੁਣਨ ਲਈ ਅਸੀਂ ਉਤਸੁਕ ਹਾਂ। ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਕਿਸੇ ਮੀਟਿੰਗ ਵਿੱਚ ਆਓ - ਹਰ ਕਿਸੇ ਦਾ ਸੁਆਗਤ ਹੈ।

ਤੁਸੀਂ P&C ਨੂੰ ਈਮੇਲ ਰਾਹੀਂ ਵੀ ਸੰਪਰਕ ਕਰ ਸਕਦੇ ਹੋ:
**charleswestonparents@gmail.com**

## ਮੇਰਾ ਕੋਈ ਮੁੱਦਾ ਹੈ ਜਾਂ ਕਿਸੇ ਤਰੀਕੇ ਦੀ ਚਿੰਤਾ ਹੈ – ਮੈਂ ਕਿਸ ਨੂੰ ਦੱਸਾਂ?

ਜੇ ਮੁੱਦਾ ਜਾਂ ਚਿੰਤਾ P&C ਬਾਰੇ ਹੈ, ਤਾਂ ਤੁਹਾਡਾ ਸੁਆਗਤ ਹੈ ਕਿ ਤੁਸੀਂ ਸਾਨੂੰ ਈਮੇਲ ਕਰੋ, ਜਾਂ ਉਸ ਬਾਰੇ ਮੀਟਿੰਗ ਵਿੱਚ ਆਵਾਜ਼ ਉਠਾਓ।

ਸਕੂਲ ਦੀ ਨੀਤੀ ਜਾਂ ਰਣਨੀਤੀ ਦੇ ਮਾਮਲਿਆਂ ਬਾਰੇ, ਤੁਹਾਨੂੰ ਸਕੂਲ ਦੇ ਬੋਰਡ ਨੂੰ ਜਾਂ ਪ੍ਰਿੰਸੀਪਲ ਨੂੰ ਸੰਪਰਕ ਕਰਨਾ ਚਾਹੀਦਾ ਹੈ, ਈਮੇਲ ਕਰੋ:
**charlesweston@ed.act.edu.au**

ਆਪਣੇ ਬੱਚੇ ਨਾਲ ਸਬੰਧਿਤ ਕਿਸੇ ਮਾਮਲੇ ਬਾਰੇ, ਬੱਚੇ ਦੇ ਅਧਿਆਪਕ ਨੂੰ ਇਸ ਫਾਰਮੇਟ ਦਾ ਇਸਤੇਮਾਲ ਕਰਦੇ ਹੋਏ ਈਮੇਲ ਰਾਹੀਂ ਸੰਪਰਕ ਕਰੋ:
**firstname.lastname@ed.act.edu.au**

**ਹਰ ਕਿਸੇ ਪ੍ਰਕਾਰ ਦੀ ਈਮੇਲ ਦੇ ਜਵਾਬ ਲਈ 48 ਘੰਟਿਆਂ ਦਾ ਸਮਾਂ ਦਿਉ।**

**ਦੂਜੇ ਪਰਿਵਾਰਾਂ ਨੂੰ ਮਿਲਣ ਅਤੇ ਚਾਰਲਜ਼ ਵੈਸਟਨ ਸਕੂਲ ਭਾਈਚਾਰੇ ਵਿੱਚ ਜਾਣ-ਪਹਿਚਾਣ ਬਣਾਉਣ ਲਈ P&C ਇੱਕ ਬਹੁਤ ਹੀ ਵਧੀਆ ਤਰੀਕਾ ਹੈ।**

## ਤਤਕਾਲ ਪੁੱਛ-ਗਿੱਛ

ਕਿਸੇ ਵੀ ਤਤਕਾਲਿਕ ਚੀਜ਼ ਲਈ, ਕਿਰਪਾ ਕਰ ਕੇ ਸਕੂਲ ਦੇ ਦਫ਼ਤਰ ਨੂੰ 02 6142 0404 ਉੱਤੇ ਕਾੱਲ ਕਰੋ।

ACT Government Education